# S.R. Industries Limited

CIN: L29246PB1989PLC009531
Regd. Off:: E-217, Industrial Area, Phase 8B
Mohali, Punjab - 160071
Website: www.srfootwears.com
Email: info@srfootwears.com
Tel: +91 172 4602888


Date: 17.05.2020

The Manager (Listing)
The Bombay Stock Exchange Limited
Phiroze Jee Jeebhoy Tower
25th Floor, Dalal Street
Mumbai – 400 001

**Ref: Scrip Code – 513515 Symbol – SRIND**

**Subject: Newspaper publication of the Adjourned Extra-Ordinary General Meeting**

Dear Sir,

Please find enclosed copies of the Newspaper Advertisements published in Financial Express (English Edition) and Desh Sewak (Punjabi Edition) on 16.05.2021 with regard to the Adjourned Notice of Extra-Ordinary General Meeting (EGM) of the Company.

This is your information and record.

Thanking you,

Yours Faithfully,
For **S.R. Industries Limited**

Amit Mahajan


Digitally signed by Amit Mahajan
DN: c=IN, o=Personal,
2.5.4.20=89c6a13c3aee91287316fdef5d
c902a83c582c347669b710b61d703798
98d61d, postalCode=110025, st=Delhi,
serialNumber=a1a371958cb22214039ac
fc96e2c3e95b71ac4e76fa3642e606b928
62c28bca1, cn=Amit Mahajan
Date: 2021.05.17 12:14:17 +05'30'


(Amit Mahajan)
Chief Financial Officer
DIN: 00038593

# ਕੈਪਟਨ ਸਰਕਾਰ ਖ਼ਿਲਾਫ਼ ਲੋਕ ਰੋਹ ਨੂੰ ਪ੍ਰਚੰਡ ਕਰਨ ਲਈ ਹਲਕੇ 'ਚ ਨਵੇਂ ਜੱਥੇਬੰਦਕ ਢਾਂਚੇ ਦਾ ਐਲਾਨ ਜਲਦ : ਪਰਮਜੀਤ ਢਿੱਲੋਂ



**ਸਮਰਾਲਾ, 15 ਮਈ (ਭਾਰਦਵਾਜ) :** ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਹਲਕਾ ਸਮਰਾਲਾ ਦੀ ਵਾਂਗਡੋਰ ਪਰਮਜੀਤ ਸਿੰਘ ਢਿੱਲੋਂ ਦੇ ਹੱਥ ਦੇਣ ਤੋਂ ਬਾਅਦ ਉਨ੍ਹਾਂ ਵੱਲੋਂ ਸੱਦੀ ਗਈ ਪਹਿਲੀ ਮੀਟਿੰਗ ਵਿੱਚ ਅੱਜ ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਇਲਾਵਾ ਸਰਕਲ ਪ੍ਰਧਾਨਾਂ ਸਮੇਤ ਹੋਰ ਸੀਨੀਅਰ ਆਗੂ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਕੈਪਟਨ ਸਰਕਾਰ ਦੀਆਂ ਨਾਕਾਮੀਆਂ ਅਤੇ ਵਾਅਦਾ ਖ਼ਿਆਫ਼ੀਆਂ ਦੇ ਖਿਲਾਫ਼ ਲੋਕ ਰੋਹ ਨੂੰ ਹੋਰ ਪ੍ਰਚੰਡ ਕਰਨ ਲਈ ਪਾਰਟੀ ਵੱਲੋਂ ਹਲਕਾ ਸਮਰਾਲਾ ਦੇ ਸਰਕਲ ਢਾਂਚੇ ਦਾ ਐਲਾਨ ਜਲਦੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਵੀਰ ਸਿੰਘ ਬਾਦਲ ਵੱਲੋਂ ਅਖਤਿਆਰ ਕੀਤੀ ਨਵੀਂ ਰਣਨੀਤੀ ਤਹਿਤ ਸਰਕਲ ਪੱਧਰ 'ਤੇ 31 ਮੈਂਬਰੀ ਜੱਥੇਬੰਦਕ ਕਮੇਟੀ ਦਾ ਗਠਨ ਇੱਕ ਹਫ਼ਤੇ ਦੇ ਅੰਦਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹਲਕੇ ਦੇ ਸੀਨੀਅਰ ਅਤੇ ਮੇਹਨਤੀ ਵਰਕਰਾਂ ਦਾ ਨਾਮ ਸਲਾਹ ਮਸ਼ਵਰਾ ਕਰਕੇ ਜਿਲ੍ਹਾ ਕਮੇਟੀ ਲਈ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਮਰਾਲਾ ਹਲਕੇ ਦੇ 208 ਪੋਲਿੰਗ ਬੂਥਾਂ ਦੀਆਂ ਕਮੇਟੀਆਂ ਬਣਾਕੇ ਬਕਾਇਦਾ ਰੂਪ ਵਿੱਚ ਹਾਈ ਕਮਾਂਡ ਨੂੰ ਭੇਜ ਦਿੱਤੀਆਂ ਗਈਆਂ ਹਨ, ਇਨ੍ਹਾਂ ਕਮੇਟੀਆਂ ਦੀ ਸਮੇਂ-ਸਮੇਂ ਸਿਰ ਮੀਟਿੰਗ ਕਰਕੇ ਪਾਰਟੀ ਦਾ ਪ੍ਰੋਗਰਾਮ ਅਤੇ ਏਜੰਡਾ ਘਰ-ਘਰ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲੋਕਾਂ ਨਾਲ਼ ਧੋਖਾ ਕਰਕੇ ਬਣੀ ਸਰਕਾਰ ਨੂੰ ਹੁਣ ਲੋਕਾਂ ਦੇ ਹੀ ਵੋਟ ਅਧਿਕਾਰ ਨਾਲ਼ ਸੱਤਾ ਤੋਂ ਲਾਂਭੇ ਕਰਨ ਲਈ ਯੋਜਨਾਵੱਧ ਤਰੀਕੇ ਨਾਲ਼ ਪੰਜਾਬ ਦੇ ਆਵਾਮ ਨੂੰ ਲਾਮਬੰਦ ਕੀਤਾ ਜਾਵੇਗਾ। ਮੀਟਿੰਗ ਵਿੱਚ ਹਰਜਤਿੰਦਰ ਸਿੰਘ ਬਾਜਵਾ, ਅਮਰੀਕ ਸਿੰਘ ਹੇੜੀਆਂ, ਕੁਲਦੀਪ ਸਿੰਘ ਜਾਤੀਵਾਲ, ਜਸਪਾਲ ਸਿੰਘ ਜੱਜ, ਸ਼ੁਸ਼ੀਲ ਖੁੱਲਰ, ਰਣਜੀਤ ਸਿੰਘ ਹਰਬੰਸਪੁਰਾ, ਹਰਦੀਪ ਸਿੰਘ ਬਹਿਲੋਲਪੁਰ (ਸਾਰੇ ਸਰਕਲ ਪ੍ਰਧਾਨ), ਜਸਮੇਲ ਸਿੰਘ ਬੌਂਦਲ਼ੀ, ਬਹਾਦਰ ਸਿੰਘ ਮਾਣਕੀ, ਗੁਰਮੀਤ ਸਿੰਘ ਭੌਰਲਾ, ਦੇਸ਼ਰਾਜ਼ ਸਿੰਘ ਰਹੀਮਾਬਾਦ, ਭਗਤ ਸਿੰਘ ਮਹਿਦੂਦਾਂ, ਸੁਰਿੰਦਰ ਸਿੰਘ ਉਟਾਲਾਂ, ਰਜਿੰਦਰ ਸਿੰਘ ਢਿੱਲੋਂ, ਸੁਰਿੰਦਰਪਾਲ ਸਿੰਘ ਢਿੱਲੋਂ, ਦਲਜੀਤ ਸਿੰਘ ਬੂਲੇਪੁਰ, ਜਗਦੀਪ ਸਿੰਘ ਗਿੱਲ, ਹਰਜੋਤ ਸਿੰਘ ਮਾਂਗਟ, ਸ਼ੰਕਰ ਕਲਿਆਣ, ਗੁਰਜੀਤ ਸਿੰਘ ਮਿੱਠੇਵਾਲ਼, ਸਰਬਜੀਤ ਸਿੰਘ ਢੰਡੇ, ਜੋਗਿੰਦਰ ਸਿੰਘ, ਦਲਬੀਰ ਸਿੰਘ ਕੰਗ ਅਤੇ ਮਨਦੀਪ ਸਿੰਘ ਚੌਪੜਾ ਸਮੇਤ ਹੋਰ ਵੀ ਆਗੂ ਹਾਜ਼ਰ ਸਨ।

### ਕਾਰਜਸ਼ੀਲ ਵਿੰਗਾਂ ਦਾ ਵੀ ਹੋਵੇਗਾ ਵਿਸਥਾਰ

ਪਰਮਜੀਤ ਸਿੰਘ ਢਿੱਲੋਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਸੂਬਾ ਸਰਕਾਰ ਤੋਂ ਤੰਗ ਹੋਏ ਹਰ ਵਰਗ ਦੇ ਲੋਕਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਤਰ ਕਰਨ ਲਈ ਹੁਣ ਐਸਸੀ, ਬੀਸੀ, ਇਸਤਰੀ ਅਤੇ ਯੂਥ ਵਿੰਗ ਦੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਉਸਦਾ ਵਿਥਾਰ ਕੀਤਾ ਜਾਵੇਗਾ।

# ਡੇਂਗੂ ਦੇ ਬਚਾਓ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ



**ਨਥਾਣਾ, 15 ਮਈ (ਅਮਰਜੀਤ ਸਿੰਘ ਸਿੱਧੂ) :** ਸੀਨੀਅਰ ਮੈਡੀਕਲ ਅਫਸਰ ਨਥਾਣਾ ਦੀ ਅਗਵਾਈ 'ਚ ਸਥਾਨਕ ਇਲਾਕੇ ਦੇ ਲੋਕਾਂ ਨੂੰ ਡੇਂਗੂ ਦੇ ਫੈਲਾਅ ਤੇ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ। ਨਥਾਣਾ ਦੇ ਬਲਾਕ ਹੈਲਥ ਐਜੂਕੇਟਰ ਨੇ ਕਿਹਾ ਕਿ ਡੇਂਗੂ ਸਾਫ ਪਾਣੀ 'ਚ ਪੈਦਾ ਹੋਏ ਮੱਛਰਾਂ ਦੇ ਲਾਰਵੇ ਤੋਂ ਫੈਲਦਾ ਹੈ। ਇਹ ਮੱਛਰ ਮਨੁੱਖ ਨੂੰ ਦਿਨ ਸਮੇਂ ਕੱਟਦੇ ਹਨ।

ਉਨ੍ਹਾਂ ਕਿਹਾ ਕਿ ਬਦਲਦੇ ਮੌਸਮ ਨੂੰ ਧਿਆਨ 'ਚ ਰੱਖਦਿਆਂ ਆਪਣੇ ਆਸ-ਪਾਸ ਪਾਣੀ ਨਾ ਖੜ੍ਹਣ ਦਿੱਤਾ ਜਾਵੇ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਢੱਕ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਮੱਛਰ ਦੇ ਡੰਗ ਤੋਂ ਬਚਿਆ ਜਾ ਸਕੇ। ਇਸ ਮੌਕੇ ਸਿਹਤ ਸੁਪਰਵਾਈਜ਼ਰ ਤੇਜਿੰਦਰ ਸਿੰਘ, ਸਰਬਜੀਤ ਸਿੰਘ, ਅਜੈ ਕੁਮਾਰ, ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਕੂਲਰਾਂ 'ਚੋ ਪਾਣੀ ਸੁਕਾਉਣਾ, ਪਾਣੀ ਦੀਆਂ ਟੈਂਕੀਆਂ ਨੂੰ ਢੱਕ ਕੇ ਰੱਖਣਾ, ਛੱਤਾਂ ਉੱਪਰ ਪਏ ਕੁੱਜੇ, ਬੱਠਲੇ, ਪੁਰਾਣੇ ਟਾਇਰਾਂ 'ਚ ਪਾਣੀ ਨਾ ਖੜ੍ਹਨ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਪੂਰੀ ਬਾਂਹ ਦੇ ਕੱਪੜੇ ਪਾਉਣਾ, ਮੱਛਰਦਾਨੀ ਦੀ ਵਰਤੋਂ ਕਰਨਾ, ਮੱਛਰ ਭਜਾਓ ਕਰੀਮਾਂ ਦੀ ਵਰਤੋਂ ਕਰਨਾ ਹੀ ਇਸ ਤੋਂ ਬਚਾਅ ਦੇ ਜ਼ਰੂਰੀ ਸਾਧਨ ਹਨ। ਡੇਂਗੂ ਬੁਖਾਰ ਦੇ ਲੱਛਣ ਸਬੰਧੀ ਉਨ੍ਹਾਂ ਦੱਸਿਆ ਕਿ ਅੱਖਾਂ ਪਿੱਛੇ ਤੇਜ਼ ਦਰਦ, ਤੇਜ਼ ਬੁਖਾਰ, ਚਮੜੀ 'ਤੇ ਧੱਬੇ, ਦਸਤ ਅਤੇ ਉਲਟੀਆਂ ਲੱਗਣਾ ਹਨ। ਇਸ ਦੀ ਰੋਕਥਾਮ ਲਈ ਮਰੀਜ਼ ਨੂੰ ਪਾਣੀ ਜ਼ਿਆਦਾ ਮਾਤਰਾ 'ਚ ਦੇਣਾ ਚਾਹੀਦਾ ਹੈ। ਇਸ ਮੌਕੇ ਸਿਹਤ ਵਰਕਰ ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਗੁਰਦਾਸ ਸਿੰਘ, ਮਨਜਿੰਦਰ ਸਿੰਘ, ਲਛਮਣ ਸਿੰਘ ਆਦਿ ਸਟਾਫ ਹਾਜ਼ਰ ਸਨ।

# ਟਰਾਲੀ 'ਚ ਵੱਜਣ ਕਰਕੇ ਮੋਟਰਸਾਈਕਲ ਚਾਲਕ ਦੀ ਮੌਤ

**ਨੰਗਲ, 15 ਮਈ (ਸਤਨਾਮ ਸਿੰਘ) :** ਇੱਕ ਮੋਟਰਸਾਈਕਲ ਅਤੇ ਟਰਾਲੀ ਦੀ ਆਪਸੀ ਟੱਕਰ ਵਿੱਚ ਮੋਟਰਸਾਈਕਲ ਚਾਲਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਿਸ ਨੂੰ ਲੈ ਕੇ ਬਹੁਤੇ ਪਿੰਡਾਂ ਵਿੱਚ ਸੋਗ ਦੀ ਲਹਿਰ ਹੈ। ਮੌਕੇ 'ਤੇ ਪੁੱਜੀ ਨਵਾਂ ਨੰਗਲ ਪੁਲਿਸ ਨੇ ਟਰੈਕਟਰ ਅਤੇ ਮੋਟਰਸਾਈਕਲ ਨੂੰ ਕਬਜ਼ੇ ਵਿਚ ਲੈ ਲਿਆ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਨੰਗਲ ਲਿਆਂਦਾ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਤਹਿਸੀਲ ਨੰਗਲ ਅਧੀਨ ਪੈਂਦੇ ਪਿੰਡ ਪੱਤੀ ਟੇਕ ਸਿੰਘ ਦੇ ਬੀਡੀਸੀ ਮੈਂਬਰ ਕਰਮਜੀਤ ਸਿੰਘ ਨੇ ਕਿਹਾ ਕਿ ਮ੍ਰਿਤਕ ਨੌਜਵਾਨ ਦਾ ਨਾਮ ਵਿਜੇ ਕੁਮਾਰ ਹੈ ਅਤੇ ਉਸਦੇ ਪਿਤਾ ਦਾ ਨਾਮ ਬਨਾਰਸੀ ਦਾਸ ਹੈ। ਵਿਜੇ ਕੁਮਾਰ ਦੀ ਉਮਰ 30 ਤੋਂ 32 ਸਾਲ ਵਿਚਕਾਰ ਦੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਜੇ ਕੁਮਾਰ ਜਿੰਦਵਡੜੀ ਦਾ ਰਹਿਣ ਵਾਲਾ ਹੈ ਅਤੇ ਉਹ ਨਵੇਂ ਮੋਟਰ ਸਾਈਕਲ ਤੇ ਜਿੰਦਵੜੀ ਤੋਂ ਬੇਲਿਆਂ ਹੁੰਦੇ ਹੋਏ ਪੱਤੀ ਟੇਕ ਸਿੰਘ ਪਿੰਡ ਵੱਲ ਨੂੰ ਆ ਰਿਹਾ ਸੀ ਕਿ ਸੰਤਰਿਆਂ ਦੇ ਬਾਗ ਕੋਲ, ਸਾਹਮਣੇ ਤੋਂ ਜਿੰਦਵੜੀ ਵੱਲ ਨੂੰ ਜਾ ਰਹੀ ਇੱਟਾਂ ਨਾਲ ਭਰੀ ਟਰਾਲੀ ਨਾਲ ਉਸਦੀ ਟੱਕਰ ਹੋ ਗਈ। ਜਿਸ ਕਾਰਨ ਵਿਜੇ ਕੁਮਾਰ ਦੀ ਮੌਕੇ ਤੇ ਹੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਘਟਨਾ ਦੀ ਸਾਰੀ ਜਾਣਕਾਰੀ ਨਵਾਂ ਨੰਗਲ ਪੁਲਿਸ ਨੂੰ ਦੇ ਦਿੱਤੀ ਗਈ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।



# ਦੁਕਾਨ 'ਚੋਂ ਨਕਦੀ ਚੋਰੀ ਕਰਕੇ ਨੌਜਵਾਨ ਫਰਾਰ



**ਫ਼ਤਹਿਗੜ੍ਹ ਸਾਹਿਬ, 15 ਮਈ (ਰਵਿੰਦਰ ਸਿੰਘ ਢੀਂਡਸਾ) :** ਸ਼ੁੱਕਰਵਾਰ ਸ਼ਾਮ ਜੀ.ਟੀ.ਰੋਡ ਸਰਹਿੰਦ ਵਿਖੇ ਸਥਿਤ ਬਾਦਸ਼ਾਹ ਚਿਕਨ ਪੁਆਇੰਟ ਨਾਮ ਦੀ ਦੁਕਾਨ ਦੇ ਗੱਲੇ 'ਚੋਂ ਅਣਪਛਾਤੇ ਨੌਜਵਾਨ ਵੱਲੋਂ ਨਕਦੀ ਚੁਰਾ ਕੇ ਲੈ ਜਾਣ ਦਾ ਸਮਾਚਾਰ ਹੈ।

ਬਾਦਸ਼ਾਹ ਚਿਕਨ ਪੁਆਇੰਟ ਦੇ ਮਾਲਕ ਖਾਲਿਦ ਅੰਸਾਰੀ ਨੇ ਦੱਸਿਆ ਕਿ ਕੱਲ ਈਦ ਹੋਣ ਕਰਕੇ ਉਨਾਂ ਦੀ ਦੁਕਾਨ 'ਤੇ ਚਿਕਨ ਦੀ ਕਾਫੀ ਸੇਲ ਹੋਈ ਤੇ ਜਦੋਂ ਸ਼ਾਮ 5.30 ਵਜੇ ਦੇ ਕਰੀਬ ਉਨਾਂ ਦਾ ਭਰਾ ਅਬਦੁਲ,ਇੱਕ ਕਾਰੀਗਰ ਅਤੇ ਉਨਾਂ ਦਾ ਇੱਕ ਭਾਣਜਾ ਦੁਕਾਨ 'ਚ ਮੌਜੂਦ ਸਨ ਤਾਂ ਨਮਾਜ਼ ਦਾ ਸਮਾਂ ਹੋਣ ਕਰਕੇ ਉਸਦਾ ਭਰਾ ਅਬਦੁਲ ਅਤੇ ਕਾਰੀਗਰ ਦੁਕਾਨ 'ਚ ਬਣੇ ਇੱਕ ਕਮਰੇ 'ਚ ਨਮਾਜ਼ ਅਦਾ ਕਰਨ ਲੱਗੇ ਤਾਂ ਇੱਕ ਅਣਪਛਾਤਾ ਨੌਜਵਾਨ ਗ੍ਰਾਹਕ ਬਣ ਕੇ ਆਇਆ ਜਿਸ ਵੱਲੋਂ ਬਿਰਿਆਨੀ ਪੈਕ ਕਰਨ ਲਈ ਕਿਹਾ ਗਿਆ ਤੇ ਜਦੋਂ ਕਾਊਂਟਰ 'ਤੇ ਮੌਜੂਦ ਉਨਾਂ ਦਾ ਭਾਣਜਾ ਬਿਰਿਆਨੀ ਪੈਕ ਕਰਨ ਲੱਗਾ ਤਾਂ ਗ੍ਰਾਹਕ ਬਣ ਕੇ ਆਏ ਉਕਤ ਨੌਜਵਾਨ ਵੱਲੋਂ ਗੱਲੇ 'ਚ ਪਈ 14 ਹਜ਼ਾਰ ਰੁਪਏ ਦੇ ਕਰੀਬ ਨਕਦੀ ਚੁਰਾ ਲਈ ਗਈ। ਉਨ੍ਹਾਂ ਦੱਸਿਆ ਕਿ ਚੋਰੀ ਦੀ ਸਾਰੀ ਵਾਰਦਾਤ ਦੁਕਾਨ 'ਚ ਲੱਗੇ ਸੀਸੀ ਟੀਵੀ ਕੈਮਰੇ 'ਚ ਕੈਦ ਹੋ ਗਈ ਤੇ ਮਾਮਲੇ ਸਬੰਧੀ ਥਾਣਾ ਸਰਹਿੰਦ ਦੀ ਪੁਲਿਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ।

# ਅਦਾਲਤ ਦੇ ਹੁਕਮਾਂ 'ਤੇ ਬੈਂਕ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਮਾਮਲੇ 'ਚ ਕੇਸ ਦਰਜ

**ਫ਼ਤਹਿਗੜ੍ਹ ਸਾਹਿਬ, 15 ਮਈ (ਰਵਿੰਦਰ ਸਿੰਘ ਢੀਂਡਸਾ) :** ਫ਼ਤਹਿਗੜ੍ਹ ਸਾਹਿਬ ਦੀ ਇੱਕ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਥਾਣਾ ਸਰਹਿੰਦ ਦੀ ਪੁਲਿਸ ਵੱਲੋਂ ਵੱਖ-ਵੱਖ ਧਾਰਾਵਾਂ ਤਹਿਤ ਇੱਕ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਟੇਟ ਬੈਂਕ ਆਫ ਇੰਡੀਆ ਜੀ.ਟੀ. ਰੋਡ ਸਰਹਿੰਦ ਦੇ ਅਧਿਕਾਰੀਆਂ ਵੱਲੋਂ ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਤਹਿਗੜ੍ਹ ਸਾਹਿਬ ਅਸ਼ੀਸ਼ ਬਾਂਸਲ ਦੀ ਅਦਾਲਤ 'ਚ ਕੇਸ ਦਾਇਰ ਕਰਦਿਆਂ ਦੋਸ਼ ਲਗਾਏ ਗਏ ਸਨ ਕਿ ਕਥਿਤ ਵਿਅਕਤੀ ਤੇਜਵੀਰ ਸਿੰਘ ਪੁੱਤਰ ਗੁਰਮਾਘ ਸਿੰਘ ਉਰਫ ਮੱਘਰ ਸਿੰਘ ਵਾਸੀ ਪਿੰਡ ਪੋਲਾ ਜ਼ਿਲਾ ਫ਼ਤਹਿਗੜ੍ਹ ਸਾਹਿਬ ਨੇ ਆਪਣੇ ਪਿਤਾ ਗੁਰਮਾਘ ਸਿੰਘ (ਜਿਸ ਦੀ ਹੁਣ ਮੌਤ ਹੋ ਚੁੱਕੀ ਹੈ) ਨਾਲ ਮਿਲ ਕੇ ਕੁਝ ਜ਼ਮੀਨ ਗਹਿਣੇ ਕਰਕੇ 20 ਲੱਖ ਰੁਪਏ ਦਾ ਬੈਂਕ ਤੋਂ ਕਰਜ਼ਾ ਲਿਆ ਸੀ ਜੋ ਕਿ ਬਾਅਦ ਵਿੱਚ ਉਕਤ ਵਿਅਕਤੀਆਂ ਵੱਲੋਂ ਕਰਜ਼ਾ ਵਾਪਸ ਮੋੜਨ ਤੋਂ ਨਾਂਹ ਕਰ ਦਿੱਤੀ ਗਈ ਜਿਸ 'ਤੇ ਬੈਂਕ ਅਧਿਕਾਰੀਆਂ ਨੂੰ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਕਤ ਵਿਅਕਤੀਆਂ ਵੱਲੋਂ ਮਾਲ ਵਿਭਾਗ ਦੇ ਕਰਮਚਾਰੀਆਂ ਅਤੇ ਗਵਾਹਾਂ ਨਾਲ ਮਿਲੀਭੁਗਤ ਕਰਕੇ ਐਸਬੀਪੀ ਸਰਹਿੰਦ ਸ਼ਹਿਰ ਬ੍ਰਾਂਚ ਤੋਂ 10.50 ਲੱਖ ਰੁਪਏ, ਐਸਬੀਪੀ ਜੀਟੀ ਰੋਡ ਸਰਹਿੰਦ ਬ੍ਰਾਂਚ ਤੋਂ 20 ਲੱਖ ਰੁਪਏ, ਐਸਬੀਪੀ ਦੀ ਬਰਾਸ ਬ੍ਰਾਂਚ ਤੋਂ 26 ਲੱਖ ਰੁਪਏ,ਐਸ.ਬੀ.ਪੀ. ਬਰਾਸ ਬ੍ਰਾਂਚ ਤੋਂ 10 ਲੱਖ ਰੁਪਏ, ਐਸ.ਬੀ.ਪੀ. ਦਾਣਾ ਮੰਡੀ ਰਾਜਪੁਰਾ ਬ੍ਰਾਂਚ ਤੋਂ 16 ਲੱਖ ਰੁਪਏ,ਐਸ.ਬੀ.ਪੀ. ਬਸੀ ਪਠਾਨਾਂ ਤੋਂ 40 ਲੱਖ ਰੁਪਏ ਦੇ ਲੋਨ ਲੈ ਕੇ ਧੋਖਾਧੜੀ ਕੀਤੀ ਜਾ ਚੁੱਕੀ ਹੈ।

ਅਦਾਲਤ ਵੱਲੋਂ ਮੁੱਕਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਕਾਰਵਾਈ ਕਰਦਿਆਂ ਥਾਣਾ ਸਰਹਿੰਦ ਦੀ ਪੁਲਿਸ ਵੱਲੋਂ ਕਥਿਤ ਵਿਅਕਤੀ ਤੇਜਵੀਰ ਸਿੰਘ ਵਾਸੀ ਪਿੰਡ ਪੋਲਾ ਦੇ ਵਿਰੁੱਧ ਮੁਕੱਦਮਾ ਦਰਜ ਕਰਦਿਆਂ ਮਾਮਲੇ ਦੀ ਤਫਤੀਸ਼ ਸਬ-ਇੰਸਪੈਕਟਰ ਚਰਨਜੀਤ ਸਿੰਘ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ।

# ਰਜਿਸਟਰਡ ਨਿਰਮਾਣ ਮਜ਼ਦੂਰਾਂ ਨੂੰ ਪੰਜਾਬ ਸਰਕਾਰ ਦੇਵੇਗੀ 3000 ਰੁਪਏ ਭੱਤਾ

**ਪਠਾਨਕੋਟ, 15 ਮਈ (ਭੁਪਿੰਦਰ ਸਿੰਘ ਸ਼ਾਹਪੁਰ ਕੰਢੀ ) :** ਇਸ ਸਮੇਂ ਅਸੀਂ ਕੋਵਿਡ-19 ਦੀ ਦੂਸਰੀ ਲਹਿਰ ਵਿੱਚੋਂ



ਗੁਜਰ ਰਹੇ ਹਾਂ ਅਤੇ ਕਰੋਨਾ ਦੇ ਹੋ ਰਹੇ ਪ੍ਰਸਾਰ ਦੇ ਚਲਦਿਆਂ ਸਰਕਾਰ ਵੱਲੋਂ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਪਾਬੰਦੀਆਂ ਲਗਾਈਆਂ ਗਈਆਂ ਸਨ , ਇਨ੍ਹਾਂ ਪਾਬੰਦੀਆਂ ਕਾਰਣ ਨਿਰਮਾਣ ਮਜਦੂਰਾਂ ਨੂੰ ਕਾਫੀ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤੇ ਉਨ੍ਹਾਂ ਨੂੰ ਰਾਹਤ ਦੇਣ ਦੇ ਉਦੇਸ ਨਾਲ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵੱਲੋਂ ਪੰਜਾਬ ਵਿੱਚ 2.91 ਲੱਖ ਰਜਿਸਟਰਡ ਨਿਰਮਾਣ ਮਜਦੂਰਾਂ ਨੂੰ 3000 ਰੁਪਏ ਭੱਤਾ ਦੇਣ ਦਾ ਫੈਸਲਾ ਕੀਤਾ ਹੈ। ਇਹ ਪ੍ਰਗਟਾਵਾ ਸ੍ਰੀ ਕੰਵਰ ਡਾਵਰ ਸਹਾਇਕ ਕਿਰਤ ਕਮਿਸ਼ਨਰ ਅਤੇ ਮਨੋਜ ਸਰਮਾ ਲੇਬਰ ਇੰਨਫੋਰਸਮੈਂਟ ਅਫਸ਼ਰ ਪਠਾਨਕੋਟ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

ਉਪਰੋਕਤ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਸਰਕਾਰ ਵੱਲੋਂ ਜੋ ਰਜਿਸਟ੍ਰਡ ਮਜਦੂਰਾਂ ਨੂੰ 3 ਹਜਾਰ ਰੁਪਏ ਦਾ ਜੋ ਭੱਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ ਇਹ ਦੋ ਕਿਸਤਾਂ ਵਿੱਚ ਯਾਨੀ 1500-1500 ਰੁਪਏ ਕਰਕੇ ਦਿੱਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਲੇਬਰ ਵਿਭਾਗ ਨਾਲ ਰਜਿਸ਼ਟ੍ਰਡ ਨਿਰਮਾਣ ਮਜਦੂਰਾਂ ਦੀ ਸੰਖਿਆ ਕਰੀਬ 10 ਹਜਾਰ ਹੈ ਅਤੇ ਪਹਿਲੀ ਕਿਸ਼ਤ ਜਲਦੀ ਹੀ ਰਜਿਸ਼ਟ੍ਰਡ ਕਾਮਿਆਂ ਦੇ ਖਾਤਿਆਂ ਵਿੱਚ ਪਾ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਰਜਿਸਟ੍ਰਡ ਕਾਮਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜਲਦੀ ਤੋਂ ਜਲਦੀ ਕੋਰੋਨਾ ਤੋਂ ਬਚਾਓ ਲਈ ਵੈਕਸੀਨ ਲਗਵਾਉਣ।

# ਕੁੱਲ ਹਿੰਦ ਕਿਸਾਨ ਸਭਾ ਦਾ 35ਵਾਂ ਜਥਾ ਦਿੱਲੀ ਰਵਾਨਾ

**ਗੜ੍ਹਸ਼ੰਕਰ, 15 ਮਈ (ਹਰੀ ਕ੍ਰਿਸ਼ਨ ਗੰਗੜ) :** ਅੱਜ ਇੱਥੇ ਖੇਤੀਬਾੜੀ ਵਿਰੋਧੀ ਕਾਨੂੰਨਾਂ, ਪਰਾਲੀ ਸਾੜਨ ਵਾਲਾ ਆਰਡੀਨੈਂਸ ਵਾਪਿਸ ਕਰਵਾਉਣ ਲਈ, ਬਿਜਲੀ ਸੋਧ ਬਿੱਲ 2020 ਆਰਡੀਨੈਂਸ ਵਾਪਿਸ ਕਰਵਾਉਣ ਲਈ, ਐਮਐਸਪੀ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦੇ ਚਲ ਰਹੇ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਅੱਜ ਕੁੱਲ ਹਿੰਦ ਕਿਸਾਨ ਸਭਾ ਦਾ 35ਵਾਂ ਜੱਥਾ ਜੱਸੀ ਬਰਾਦਰਜ ਦੀ ਮਾਤਾ ਜੀ ਦਲਜੀਤ ਕੌਰ ਬਾਂਸਲ ਨੇ ਝੰਡੀ ਦੇਕੇ ਦਿੱਲੀ ਰਵਾਨਾ ਕੀਤਾ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਸਕੱਤਰ ਗੁਰਨੇਕ ਸਿੰਘ ਭੱਜਲ, ਜਨਵਾਦੀ ਇਸਤਰੀ ਸਭਾ ਦੀ ਸੂਬਾਈ ਮੀਤ ਪ੍ਰਧਾਨ ਬੀਬੀ ਸੁਭਾਸ਼ ਮੱਟੂ ਦੀ ਅਗਵਾਈ ਹੇਠ ਜੱਥਾ ਗਿਆ, ਇਸ ਜੱਥੇ ਵਿੱਚ ਔਰਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੋਈਆਂ।ਇਸ ਮੌਕੇ ਜੱਥੇ ਨੂੰ ਰਵਾਨਾ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਦਰਸ਼ਨ ਸਿੰਘ ਮੱਟੂ ਨੇ ਕਿਹਾ ਕਿ ਜਦੋਂ ਤਕ ਤਿੰਨੇ ਖੇਤੀਬਾੜੀ ਵਿਰੋਧੀ ਕਾਨੂੰਨ ਰੱਦ ਨਹੀਂ ਹੁੰਦੇ ਅਤੇ ਐਮ ਐਸ ਪੀ ਨੂੰ ਕਾਨੂੰਨੀ ਦਰਜਾ ਨਹੀਂ ਦਿੱਤਾ ਜਾਂਦਾ ਅਤੇ ਕਿਸਾਨਾਂ ਤੇ ਦਰਜ ਕੀਤੇ ਨਜਾਇਜ਼ ਪਰਚੇ ਰੱਦ ਨਹੀਂ ਹੁੰਦੇ ਉਦੋਂ ਤਕ ਕਿਸਾਨ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਕਿਸਾਨ ਆਗੂਆਂ ਵਲੋਂ ਮੋਦੀ ਸਰਕਾਰ ਖ਼ਿਲਾਫ਼ ਜੰਮਕੇ ਨਾਹਰੇਬਾਜੀ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਹਾਜ਼ਰ ਸਨ।

# ਕਾਂਗਰਸ ਸਰਕਾਰ ਪਹਿਲਾਂ ਪਿੱਛਲੇ ਵਾਅਦੇ ਪੂਰੇ ਕਰੇ : ਸੁਖਾ ਕੋਟਸੁਖੀਆ

**ਕੋਟਕਪੂਰਾ, 15 ਮਈ (ਰਿੰਕੂ ਮਲਹੋਤਰਾ) :** ਕੁਝ ਸਮਾਂ ਪਹਿਲਾਂ ਭਾਵੇ ਪੰਜਾਬ ਮੰਤਰੀ ਮੰਡਲ ਤੇ ਸੂਬਾ ਸਰਕਾਰ ਦੇ ਮੰਤਰੀਆਂ ਨੇ ਸੂਬੇ ਦੇ ਨੌਜਵਾਨਾਂ ਨੂੰ ਇੱਕ ਲੱਖ ਸਰਕਾਰੀ ਨੌਕਰੀਆਂ ਦੇਣ ਦਾ ਵਾਅਵਾ ਕਰ ਦਿੱਤਾ ਸੀ ਜੋ ਬੇਹੱਦ ਹੀ ਵਧੀਆਂ ਸੀ ਪਰ ਲੰਘੀਆਂ ਵਿਧਾਨ ਸਭਾ ਚੋਣਾਂ ਸਮੇ ਜੋ ਵਾਅਦੇ ਕੈਪਟਨ ਸਾਹਬ ਨੇ ਸੂਬੇ ਦੇ ਨੌਜਵਾਨਾ ਨਾਲ ਕੀਤੇ ਸਨ ਉਨਾ ਤੇ ਹਾਲੇ ਤੱਕ 4 ਸਾਲ ਬੀਤਣ ਤੋਂ ਬਾਅਦ ਵੀ ਬੂਰ ਨਹੀ ਪਿਆ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕੋਟਕਪੂਰਾ ਤੋਂ ਐਸ ਸੀ ਵਿੰਗ ਦੇ ਪੇਡੂੰ ਹਲਕਿਆਂ ਦੇ ਜਿਲਾ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ ਕੋਟਸੁਖੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਲੰਘੀਆਂ ਵਿਧਾਨ ਸਭਾ ਚੋਣਾਂ ਸਮੇ ਹਰ ਘਰ ਸਰਕਾਰੀ ਨੌਕਰੀ ਦੇਣ ਦੇ ਵਾਅਦੇ ਕੀਤੇ ਗਏ ਸਨ ਜਿਸਨੂੰ ਹਾਲੇ ਤੱਕ ਵੀ ਪੂਰਾ ਨਹੀ ਕੀਤਾ ਗਿਆ ਹੈ ਜਦਕਿ ਹੁਣ ਸੂਬੇ ਦੇ ਨੌਜਵਾਨ ਵਰਗ ਨਾਲ ਫਿਰ ਤੋਂ ਮਜਾਕ ਕੀਤਾ ਜਾ ਰਿਹਾ ਹੈ।



# ਸਿਵਲ ਸਰਜਨ ਫਾਜ਼ਿਲਕਾ ਦਾ ਪੁਤਲਾ ਫੂਕਿਆ

## ਡਾਕਟਰ ਬਬੀਤਾ ਦੇ ਖ਼ਿਲਾਫ਼ ਕਾਰਵਾਈ ਨਾ ਕਰਨ ਦਾ ਰੋਸ



**ਫਾਜ਼ਿਲਕਾ, 15 ਮਈ (ਅਬਨਾਸ਼ ਚੰਦਰ, ਕ੍ਰਿਸ਼ਨ ਸਿੰਘ) :** ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਬ੍ਰਾਂਚ ਚੱਕ ਛੱਪੜੀ ਵਾਲਾ ਵੱਲੋਂ ਬ੍ਰਾਂਚ ਸਕੱਤਰ ਕਾਮਰੇਡ ਹੰਸ ਰਾਜ, ਸਾਬਕਾ ਸਰਪੰਚ ਸਤਨਾਮ ਰਾਏ ਅਤੇ ਕਾਮਰੇਡ ਸ਼ਾਮ ਲਾਲ ਦੀ ਅਗਵਾਈ ਵਿੱਚ ਡਾਕਟਰ ਬਬੀਤਾ ਦੇ ਖਿਲਾਫ ਕਾਰਵਾਈ ਨਾ ਕਰਨ ਦੇ ਸੰਬੰਧ ਵਿੱਚ ਸਿਵਲ ਸਰਜਨ ਫਾਜਿਲਕਾ ਦਾ ਪੁੱਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਗੂਆ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਐੱਸ ਐੱਮ ਓ ਡਾਕਟਰ ਬਬਿਤਾ ਦੇ ਖਿਲਾਫ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਵੀ ਸਿਵਲ ਸਰਜਨ ਫਾਜਿਲਕਾ ਵੱਲੋਂ ਉਸਦੇ ਖਿਲਾਫ ਕੋਈ ਵੀ ਕਾਰਵਾਈ ਨਹੀ ਕੀਤੀ ਜਾ ਰਹੀ।

ਆਗੂਆਂ ਨੇ ਅੱਗੇ ਗੱਲਬਾਤ ਕਰਦਿਆਂ ਦੱਸਿਆ ਕਿ ਉਕਤ ਐੱਸ ਐੱਮ ਓ ਡਾਕਟਰ ਬਬੀਤਾ ਸਟਾਫ, ਉੱਚ ਅਧਿਕਾਰੀਆਂ ਅਤੇ ਆਮ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦੀ ਹੈ ਅਤੇ ਉਹਨਾਂ ਨਾਲ ਦੁਰਵਿਹਾਰ ਕਰਦੀ ਹੈ ਜਿਸਦੀ ਜਾਣਕਾਰੀ ਡੀ. ਸੀ. ਸਾਹਿਬ ਅਤੇ ਸੰਬੰਧਿਤ ਸਿਵਲ ਸਰਜਨ ਨੂੰ ਉਸਦੇ ਸਟਾਫ ਦੁਆਰਾ ਵੀ ਲਿਖਤੀ ਰੂਪ ਵਿੱਚ ਦਿੱਤੀ ਜਾ ਚੁੱਕੀ ਹੈ ਅਤੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਵੱਖ-ਵੱਖ ਜਨਤਕ ਜਥੇਬੰਦੀਆਂ ਵੱਲੋਂ ਮਾਮਲਾ ਸੰਬੰਧਿਤ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਕਾਰਵਾਈ ਕਰਨ ਦੀ ਬਜਾਏ ਉਕਤ ਡਾਕਟਰ ਦੀ ਪ੍ਰਮੋਸ਼ਨ ਕਰ ਦਿੱਤੀ ਗਈ ਹੈ।

ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦੀ ਹੀ ਡਾ ਬਬੀਤਾ ਦੇ ਖਿਲਾਫ ਬਣਦੀ ਕਾਰਵਾਈ ਨਾ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਸੰਘਰਸ਼ ਨੂੰ ਤੇਜ ਕੀਤਾ ਜਾਵੇਗਾ ਤੇ ਸਿਵਲ ਸਰਜਨ ਫਾਜਿਲਕਾ ਦੇ ਪੁਤਲੇ ਇਸੇ ਤਰਾਂ ਪਿੰਡ-ਪਿੰਡ ਫੂਕੇ ਜਾਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਲ ਇੰਡੀਆ ਆਂਗਨਵਾੜੀ ਵਰਕਰਜ ਹੈਲਪਰ ਯੂਨੀਅਨ ਦੇ ਸੂਬਾ ਪ੍ਰਧਾਨ ਸਰੋਜ ਛੱਪੜੀ ਵਾਲਾ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਸਤੀਸ਼ ਛੱਪੜੀ ਵਾਲਾ, ਕਾਮਰੇਡ ਸੁਰਿੰਦਰ ਸਿੰਘ, ਡਾਕਟਰ ਛਿੰਦਰਪਾਲ, ਕ੍ਰਿਸ਼ਨਾ ਰਾਣੀ ਆਦਿ ਆਗੂ ਹਾਜ਼ਰ ਸਨ।

ਮਾਮਲਾ ਪੱਕੇ ਕਰਨ ਦਾ

# ਰਾਸ਼ਟਰੀ ਸਿਹਤ ਮਿਸ਼ਨ (ਐਨਐਚਐਨ) ਵਰਕਰਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੀ ਜ਼ੋਰਦਾਰ ਨਿੰਦਾ

## ਨਗਰ ਪਾਲਿਕਾ ਦਫ਼ਤਰ 'ਚ ਤੀਜੇ ਦਿਨ ਵੀ ਕੰਮਕਾਜ ਠੱਪ ਰਿਹਾ

**ਪੱਟੀ, 15 ਮਈ (ਹਰਭਜਨ) :** ਠੇਕਾ ਮੁਲਾਜ਼ਮ ਸ਼ੰਘਰਸ਼ ਕਮੇਟੀ ਪੰਜਾਬ ਵੱਲੋ ਕੱਚੇ ਕਾਮਿਆਂ ਨੂੰ ਪੱਕੇ ਕਰਨ ਦੀ ਮੰਗ ਨੂੰ ਲੈ ਕੇ ਸਮੁੱਚੇ ਪੰਜਾਬ ਅੰਦਰ ਅਣਮਿੱਥੇ ਸਮੇਂ ਲਈ ਹੜਤਾਲ ਦੇ ਦਿੱਤੇ ਸੱਦੇ ਤਹਿਤ ਲੋਅਰ ਗ੍ਰੇਡ ਮਿਊਂਸੀਪਲ ਇੰਪ: ਯੂਨੀ: ਪੱਟੀ ਦੇ ਪ੍ਰਧਾਨ ਬਲਵੰਤ ਰਾਏ ਦੀ ਅਗਵਾਈ ਹੇਠ ਅੱਜ ਤੀਸਰੇ ਦਿਨ ਵੀ ਹੜਤਾਲ ਜਾਰੀ ਰਹੀ।ਮਲਾਜ਼ਮਾਂ ਨੇ ਦਫ਼ਤਰ ਦਾ ਕੰਮ ਕਾਜ ਠੱਪ ਰੱਖਿਆ, ਧਰਨਾ ਦਿੱਤਾ ਅਤੇ ਜੰਮਕੇ ਸਰਕਾਰ ਖਿਲਾਫ ਨਾਹਰੇਬਾਜੀ ਕੀਤੀ।

ਇਸ ਧਰਨੇ ਨੂੰ ਲੋਅਰ ਗਰੇਡ ਮਿਊਸਪਲ ਇੰਪ: ਯੂਨੀਅਨ ਦੇ ਪ੍ਰਧਾਨ ਬਲਵੰਤ ਰਾਏ, ਜਨਰਲ ਸਕੱਤਰ ਗੁਰਨਾਮ ਸਿੰਘ ਪੱਟੀ,ਧਰਮ ਸਿੰਘ, ਲਖਬੀਰ ਸਿੰਘ ਸਹੀਦ, ਦੇਵੀ ਦਿਆਲ, ਰਾਮ ਲਾਲ, ਸੰਦੀਪ ਸਿੰਘ, ਸਾਬਕਾ ਪ੍ਰਧਾਨ ਮੇਜਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਲੈਕਸਨਾ ਦੋਰਾਨ ਕੱਚੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਦਿਆਂ ਠੇਕਾ ਆਧਾਰਿਤ ਕੰਮ ਕਰਦੇ ਸਮੁੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਇਗਾ ਪਰ ਕੈਪਟਨ ਅਮਰਿੰਦਰ ਸਿੰਘ ਆਪਣੇ ਕੀਤੇ ਵਾਅਦੇ ਤੋਂ ਮੁਨਕਰ ਹੋ ਗਈ ਹੈ।

ਆਗੂਆਂ ਨੇ ਸਿਹਤ ਵਿਭਾਗ ਅੰਦਰ ਆਪਣੀਆਂ ਸੇਵਾਵਾਂ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਰਾਸ਼ਟਰੀ ਸਿਹਤ ਮਿਸ਼ਨ (ਐਨਐਚਐਮ) ਦੇ ਠੇਕਾ ਆਧਾਰਿਤ ਕਾਮਿਆਂ ਦੀਆਂ ਪੰਜਾਬ ਸਰਕਾਰ ਵੱਲੋਂ ਸੇਵਾਵਾਂ ਖ਼ਤਮ ਕਰਨ ਅਤੇ ਨਵੇਂ ਵਲੰਟੀਅਰ ਭਰਤੀ ਕਰਨ ਦੀ ਜ਼ੋਰਦਾਰ ਨਿੰਦਾ ਕੀਤੀ।

ਆਗੂਆਂ ਨੇ ਧਰਨੇ ਵਿਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੈਪਟਨ ਸਰਕਾਰ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰੇ, ਐਨ ਐਚ ਐਮ ਦੇ ਠੇਕਾ ਆਧਾਰਿਤ ਕੰਮ ਕਰਦੇ ਕਾਮਿਆਂ ਦੀਆਂ ਸੇਵਾਵਾਂ ਖ਼ਤਮ ਕਰਨ ਅਤੇ ਨਵੇਂ ਵਲੰਟੀਅਰ ਭਰਤੀ ਕਰਨ ਦਾ ਫ਼ਰਮਾਨ ਤੁਰੰਤ ਵਾਪਸ ਲਿਆ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ, ਰਾਜ ਕੁਮਾਰ, ਲਵਜੋਤ ਸਿੰਘ, ਪ੍ਰਨਾਮ ਸਿੰਘ, ਬਲਜਿੰਦਰ ਸਿੰਘ, ਕਪਿਲ ਦੇਵ, ਬੈਜਨਾਥ ,ਗੌਰਵ ,ਸੋਨਾ, ਸ਼ਾਮ ਲਾਲ, ਲਖਬੀਰ, ਲੇਖ ਰਾਜ, ਸੁਦੀਪ ਸਿੰਘ, ਰਵਿੰਦਰ ਕੌਰ, ਮੈਡਮ ਰਜਨੀਤ ਕੌਰ, ਰਣਜੀਤ ਕੌਰ, ਮੈਡਮ ਦਰਸ਼ਨਾ, ਕ੍ਰਿਸ਼ਨਾ ਅਤੇ ਮੈਡਮ ਰਾਜ ਹਾਜ਼ਰ ਸਨ।

# ਬੀਬੀ ਹਰਪ੍ਰੀਤ ਕੌਰ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਮਹਿਰਾਜ, 15 ਮਈ (ਲੱਖੂ ਭੁੱਲਰ):** ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ, ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਮਲੂਕਾ, ਨਗਰ ਪੰਚਾਇਤ ਮਹਿਰਾਜ ਦੇ ਸਾਬਕਾ ਪ੍ਰਧਾਨ ਹਰਿੰਦਰ ਸਿੰਘ ਹਿੰਦਾ, ਨਿਰਮਲ ਸਿੰਘ ਗਿੱਲ, ਗੁਰਚੇਤ ਸਿੰਘ ਸਰਕਲ ਪ੍ਰਧਾਨ, ਡਾ. ਬਲਬੀਰ ਸਿੰਘ, ਸਾਬਕਾ ਸਰਪੰਚ ਗਮਦੂਰ ਸਿੰਘ, ਜਥੇਦਾਰ ਤਰਸੇਮ ਸਿੰਘ ਸੇਮਾ, ਬੂਟਾ ਸਿੰਘ ਨੰਬਰਦਾਰ, ਕੁਲਵਿੰਦਰ ਸਿੰਘ ਸਾਬਕਾ ਕੌਂਸਲਰ, ਪ੍ਰਧਾਨ ਛਹਿਬਰ ਸਿੰਘ, ਸਾਬਕਾ ਪ੍ਰਧਾਨ ਗੁਰਦੀਪ ਸਿੰਘ ਦੀਪਾ, ਚੇਅਰਮੈਨ ਪਵਨਦੀਪ ਸਿੰਘ, ਜਥੇਦਾਰ ਜੀਤ ਸਿੰਘ, ਗੁਰਲਾਲ ਸਿੰਘ ਸਰਪੰਚ, ਜਥੇਦਾਰ ਉਜਾਗਰ ਸਿੰਘ, ਬਲਜੀਤ ਸਿੰਘ, ਗੁਰਮੇਲ ਸਿੰਘ ਸਰਪੰਚ, ਨੌਨਿਹਾਲ ਸਿੰਘ ਸਾਬਕਾ ਸਰਪੰਚ, ਗੁਰਲਾਲ ਸਿੰਘ ਪੰਚ, ਮੱਖਣ ਸਿੰਘ ਪ੍ਰਧਾਨ ਨੱਥਾ ਸਿੰਘ ਅਤੇ ਹੋਰਨਾਂ ਨੇ ਬੀਬੀ ਹਰਪ੍ਰੀਤ ਕੌਰ ਧਰਮ ਪਤਨੀ ਹਰਬੰਸ ਸਿੰਘ ਕੁੰਡੀ ਕੇ ਦੀ ਬੇਵਕਤੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

ਉਕਤ ਆਗੂਆਂ ਨੇ ਕਿਹਾ ਕਿ ਹਰਬੰਸ ਸਿੰਘ ਦੇ ਪਰਿਵਾਰ ਦੀ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਦੇਣ ਹੈ ਅਤੇ ਇਸ ਘਟਨਾ ਨਾਲ ਪਾਰਟੀ ਨੂੰ ਡੂੰਘਾ ਦੁੱਖ ਪੁੱਜਾ ਹੈ ਜ਼ਿਕਰਯੋਗ ਹੈ ਬੀਬੀ ਹਰਪ੍ਰੀਤ ਕੌਰ (65) ਪਿਛਲੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਦੁਖਦਾਈ ਮੌਤ ਹੋ ਗਈ ਸੀ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸਹਿਜ ਪਾਠਾਂ ਦੇ ਭੋਗ ਦਿਨ ਬੁੱਧਵਾਰ 19 ਮਈ ਨੂੰ ਗੁਰਦੁਆਰਾ ਮੱਲੂਆਣਾ ਮਹਿਰਾਜ ਬਠਿੰਡਾ ਵਿਖੇ ਪਾਏ ਜਾਣਗੇ।

# ਨਵੇਂ ਬਣੇ ਪ੍ਰਧਾਨ ਨੇ ਬਠਿੰਡਾ ਸੜਕ ਦਾ ਕੰਮ ਕੀਤਾ ਸ਼ੁਰੂ

**ਜੈਤੋ, 15 ਮਈ (ਰੇਸ਼ਮ ਵੜਤੀਆ) :** ਨਵੇਂ ਬਣੇ ਨਗਰ ਕੌਂਸਲ ਦੇ ਪ੍ਰਧਾਨ ਸੁਰਜੀਤ ਸਿੰਘ ਬਾਬਾ ਨੇ ਆਪਣਾ ਕੰਮ ਸਾਂਭ ਲਿਆ ਹੈ। ਜਾਣਕਾਰੀ ਅਨੁਸਾਰ ਪਿਛਲੇ ਲੰਮੇ ਸਮੇਂ ਤੋਂ ਵਿਕਾਸ ਤੋਂ ਪੱਛੜਿਆ ਜੈਤੋ ਮੁੜ ਲੀਹਾਂ 'ਤੇ ਆ ਗਿਆ ਹੈ। ਜੈਤੋ ਦੀ ਬਠਿੰਡਾ ਸੜਕ ਦਾ ਪਿਛਲੇ ਚਾਰ ਸਾਲਾ ਤੋਂ ਬਹੁਤ ਹੀ ਬੁਰਾ ਹਾਲ ਸੀ। ਕਿਸੇ ਵੀ ਪ੍ਰਸ਼ਾਸਨਿਕ ਅਧਿਕਾਰੀ ਜਾ ਕਿਸੇ ਲੀਡਰ ਵੱਲੋਂ ਇਸ ਸੜਕ ਦੀ ਕੋਈ ਸਾਰ ਨਹੀਂ ਲਈ ਗਈ ਪਰ ਨਗਰ ਕੌਂਸਲ ਜੈਤੋ ਦੇ ਨਵੇਂ ਬਣੇ ਪ੍ਰਧਾਨ ਸੁਰਜੀਤ ਸਿੰਘ ਬਾਬਾ ਨੇ ਪਹਿਲ ਦੇ ਆਧਾਰ 'ਤੇ ਇਸ ਸੜਕ ਦਾ ਕੰਮ ਸ਼ੁਰੂ ਕਰਵਾਇਆ, ਜਿਸਦਾ ਅੱਜ ਉਦਘਾਟਨ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਰਜੀਤ ਸਿੰਘ ਬਾਬਾ ਨੇ ਕਿਹਾ ਕਿ ਜੈਤੋ ਦੇ ਜਿੰਨੇ ਵੀ ਵਿਕਾਸ ਰੁਕੇ ਸਨ ਉਹਨਾਂ ਨੂੰ ਜਲਦ ਹੀ ਸ਼ੁਰੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੀਣ ਲਈ ਸਾਫ਼ ਪਾਣੀ ਗਲ਼ੀਆਂ ਨਾਲੀਆਂ ਤੇ ਸੀਵਰੇਜ ਸਿਸਟਮ ਨੂੰ ਜਲਦ ਸਹੀ ਕੀਤਾ ਜਾਵੇਗਾ ਤੇ ਜੈਤੋ ਨੂੰ ਇੱਕ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ। ਇਸ ਮੌਕੇ 'ਤੇ ਇਹਨਾਂ ਨਾਲ ਜੀਤੂ ਬਾਂਸਲ ਮੀਤ ਪ੍ਰਧਾਨ ਨਗਰ ਕੌਂਸਲ ਜੈਤੋ, ਤੁਲਸੀ ਰਾਮ ਬਾਂਸਲ ਕੌਂਸਲਰ, ਬਲਵਿੰਦਰ ਸਿੰਘ ਲਵਲੀ ਭੱਟੀ ਐਸਸੀ ਚੇਅਰਮੈਨ, ਬਲਦੇਵ ਸਿੰਘ ਟੋਜੀ, ਸੰਜੀਵ ਵਾਲੀਆ, ਕਿਸਨ, ਕੁਲਵੰਤ ਸਿੰਘ, ਰਾਜਵੀਰ ਸਿੰਘ, ਸੱਤਾ ਭਾਊ ਤੇ ਦੀਸਰ ਸੂਰਘੂਰੀ ਆਦਿ ਕਾਂਗਰਸੀ ਆਗੂ ਹਾਜ਼ਰ ਸਨ।

# ਸਿੱਖਿਆ ਮੰਤਰੀ ਦੇ ਘਿਰਾਓ ਦੀ ਤਿਆਰੀ ਲਈ ਨੁੱਕੜ ਮੀਟਿੰਗਾਂ



**ਬਰੇਟਾ, 15 ਮਈ (ਗੋਪਾਲ ਸ਼ਰਮਾ) :** 17 ਮਈ ਨੂੰ ਈਟੀਟੀ ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਸੰਗਰੂਰ ਵਿਖੇ ਕੋਠੀ ਦੇ ਘਿਰਾਉ ਦੀ ਤਿਆਰੀ ਅਤੇ 31 ਮਈ ਨੂੰ ਬੇਰੁਜ਼ਗਾਰ ਅਧਿਆਪਕ ਅਤੇ ਮਾਪੇ ਐਕਸ਼ਨ ਕਮੇਟੀ ਬਰੇਟਾ ਵੱਲੋਂ ਮੋਤੀ ਮਹਿਲ (ਪਟਿਆਲਾ) ਵੱਲ ਕੂਚ ਕਰਨ ਦੀ ਤਿਆਰੀ ਨੂੰ ਲੈ ਕੇ ਪਿੰਡਾਂ ਵਿੱਚ ਬੇਰੁਜ਼ਗਾਰ ਅਧਿਆਪਕਾਂ ਦੇ ਘਰ-ਘਰ ਸੁਨੇਹਾ ਦੇਣ ਲਈ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਇਸ ਕੜੀ ਵੱਜੋਂ ਨੇੜੇ ਦੇ ਪਿੰਡ ਬਹਾਦਰਪੁਰ, ਦਿਆਲਪੁਰਾ, ਬਖਸ਼ੀਵਾਲਾ ਵਿਖੇ ਮੀਟਿੰਗਾਂ ਕੀਤੀਆਂ। ਮੀਟਿੰਗ ਵਿੱਚ ਬੇਰੁਜ਼ਗਾਰ ਲੜਕੇ - ਲੜਕੀਆਂ ਤੇ ਉਹਨਾਂ ਦੇ ਮਾਪਿਆਂ ਨੇ ਸ਼ਮੂਲੀਅਤ ਕੀਤੀ।ਮੀਟਿੰਗਾਂ ਨੂੰ ਈ.ਟੀ.ਟੀ ਬੇਰੁਜ਼ਗਾਰ ਅਧਿਆਪਕ ਯੂਨੀਅਨ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਖੋਖਰ, ਸਕੱਤਰ ਗੁਰਸੰਤ ਸਿੰਘ, ਗਗਨਦੀਪ ਕੌਰ ਖਿਆਲਾ, ਮਾਪਿਆਂ ਵੱਲੋਂ ਮੇਜਰ ਸਿੰਘ ਬਰੇਟਾ, ਗੁਰਮੀਤ ਸਿੰਘ ਬਹਾਦਰਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਸੰਘਰਸ਼ ਪੰਜਾਬ ਸਰਕਾਰ ਵੱਲੋਂ ਘਰ -ਘਰ ਰੁਜ਼ਗਾਰ ਦੇਣ ਦੇ ਫੈਸਲੇ ਨੂੰ ਲਾਗੂ ਕਰਨ ਅਤੇ ਘੱਟੋ ਘੱਟ ਦਸ ਹਜਾਰ ਅਸਾਮੀਆਂ ਭਰਨ , 56 ਦਿਨਾਂ ਤੋਂ ਟੈਂਕੀ ਤੇ ਬੈਠੇ ਬੁਰਜਗਾਰਾਂ ਨੂੰ ਗੱਲਬਾਤ ਕਰਕੇ ਉਨ੍ਹਾਂ ਦੀਆਂ ਜਾਨਾ ਬਚਾਉਣ ਤੱਕ ਜਾਰੀ ਰਹੇਗਾ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਸਿੱਖਿਆ ਸਕੱਤਰ ਨੂੰ ਤੁਰੰਤ ਬਦਲਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਵੱਲੋਂ ਅਧਿਆਪਕਾਂ ਦੀ ਭਰਤੀ ਵਿੱਚ ਤਰ੍ਹਾਂ-ਤਰ੍ਹਾਂ ਦੇ ਅੜੀਕੇ ਲਾਏ ਜਾ ਰਹੇ ਹਨ। ਇਸ ਮੀਟਿੰਗ ਵਿੱਚ ਦਸੌਂਧਾ ਸਿੰਘ ਬਹਾਦਰਪੁਰ, ਹਰਪ੍ਰੀਤ ਕੌਰ, ਅਮਨਦੀਪ ਕੌਰ, ਕੁਲਬੀਰ ਕੌਰ, ਰਮਨਦੀਪ ਕੌਰ, ਕਰਮਜੀਤ ਕੌਰ ਤੇ ਮਨਪ੍ਰੀਤ ਕੌਰ ਸ਼ਾਮਿਲ ਸਨ।

# ਪੀਆਰਟੀਸੀ ਤੇ ਪਨਬੱਸ ਕਾਮਿਆਂ ਨੇ ਕੀਤਾ ਟਰਾਂਸਪੋਰਟ ਵਿਭਾਗ ਅਤੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ

### ਪੀਆਰਟੀਸੀ ਤੇ ਪਨਬੱਸ ਕਾਮਿਆਂ ਦਾ ਐਲਾਨ, ਕਰਾਂਗੇ ਸਰਕਾਰ ਦਾ ਭੰਡੀ ਪ੍ਰਚਾਰ 3 ਦਿਨ ਕਰਾਂਗੇ ਪੰਜਾਬ ਦੇ ਬੱਸ ਅੱਡੇ ਬੰਦ



**ਬਠਿੰਡਾ, 15 ਮਈ (ਅਨਿਲ ਵਰਮਾ):** ਪੀ ਆਰ ਟੀ ਸੀ ਅਤੇ ਪਨਬੱਸ ਕੰਟਰੈਕਟ ਕਰਮਚਾਰੀ ਯੂਨੀਅਨ ਦੀ ਅਗਵਾਈ ਵਿੱਚ ਅੱਜ ਸੈਂਕੜੇ ਡਰਾਈਵਰਾਂ, ਕੰਡਕਟਰਾਂ ਵੱਲੋਂ ਬਠਿੰਡਾ ਬੱਸ ਸਟੈਂਡ ਦੇ ਡਿੱਪੂ ਅੱਗੇ ਰੋਸ ਰੈਲੀ ਰਾਹੀਂ ਟਰਾਂਸਪੋਰਟ ਵਿਭਾਗ ਅਤੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਤਿੱਖੇ ਸੰਘਰਸ਼ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਵਾਅਦਿਆਂ ਦਾ ਭੰਡੀ ਪ੍ਰਚਾਰ ਕੀਤਾ ਜਾਵੇਗਾ ਤੇ 28,29 ਅਤੇ 30 ਮਈ ਨੂੰ ਪੰਜਾਬ ਦੇ ਸਾਰੇ ਬੱਸ ਅੱਡੇ ਬੰਦ ਕਰਕੇ ਰੋਸ ਮੁਜ਼ਾਹਰੇ ਕੀਤੇ ਜਾਣਗੇ ਤੇ ਜੇਕਰ ਫਿਰ ਵੀ ਸਰਕਾਰ ਨੇ ਕੱਚੇ ਕਾਮੇ ਪੱਕੇ ਨਾ ਕੀਤੇ ਅਤੇ ਅੱਜ ਦੇ ਪੇ ਸਕੇਲ ਮੁਤਾਬਿਕ ਤਨਖਾਹਾਂ ਭੱਤੇ ਤੇ ਹੋਰ ਸਹੂਲਤ ਦੇਣੀਆਂ ਯਕੀਨੀ ਨਾ ਬਣਾਇਆ ਤਾਂ ਆਉਂਦੇ ਸਮੇਂ ਵਿਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਡਿਪੂ ਪ੍ਰਧਾਨ ਗੁਰਬਖ਼ਸ਼ ਕੌਰ, ਇੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਪੀ ਆਰ ਟੀ ਸੀ ਅਤੇ ਪਨਬੱਸ ਵਿਭਾਗ ਸਮੇਤ ਹਰ ਵਿਭਾਗ ਵਿਚ ਕੰਮ ਕਰਦੇ ਕੱਚੇ ਕਾਮੇ ਪੱਕੇ ਕੀਤੇ ਜਾਣਗੇ ਅਤੇ ਅੱਜ ਦੇ ਪੇ ਸਕੇਲ ਮੁਤਾਬਿਕ ਤਨਖ਼ਾਹਾਂ ਦੇਣੀਆਂ ਯਕੀਨੀ ਬਣਾਈਆਂ ਜਾਣਗੀਆਂ ਪਰ 5 ਸਾਲ ਬੀਤ ਚੱਲੇ ਹਨ ਸਰਕਾਰ ਨੇ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਜਦੋਂ ਕਿ ਉਹ ਸਰਕਾਰ ਅਤੇ ਟਰਾਂਸਪੋਰਟ ਵਿਭਾਗ ਦਾ ਅੰਗ ਬਣ ਕੇ ਕੰਮ ਕਰ ਰਹੇ ਹਨ ਅਤੇ ਕਰੋਨਾ ਮਹਾਂਮਾਰੀ ਦੇ ਦੌਰ ਵਿਚ ਵੀ ਜਾਨ ਜੋਖ਼ਮ ਵਿੱਚ ਪਾ ਕੇ ਡਿਊਟੀਆਂ ਦੇ ਰਹੇ ਹਨ ਪ੍ਰੰਤੂ ਸਰਕਾਰ ਉਨ੍ਹਾਂ ਦੇ ਹੱਕ ਬਹਾਲ ਨਹੀਂ ਕਰ ਰਹੀ। ਪੰਜਾਬ ਸਰਕਾਰ ਵੱਲੋਂ ਕੋਰੋਨਾ ਮਹਾਮਾਰੀ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਤਿੰਨ ਦਿਨਾ ਲਾਕਡਾਊਨ ਦਾ ਐਲਾਨ ਕੀਤਾ ਗਿਆ ਹੈ ਪ੍ਰੰਤੂ ਇਹ ਕਾਮੇ ਅੱਜ ਕਰੋਨਾ ਨਿਯਮਾਂ ਦੀਆਂ ਉਲੰਘਣਾ ਕਰਕੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਅਤੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਲਾਰਾ ਲਾਊ ਵਾਅਦਿਆਂ ਦਾ ਸਖ਼ਤ ਵਿਰੋਧ ਕਰਦਿਆਂ ਪਰਿਵਾਰਾਂ ਸਮੇਤ ਸੜਕਾਂ ਤੇ ਉਤਰਨ ਦੀ ਚਿਤਾਵਨੀ ਦਿੱਤੀ।

# ਕਿਸਾਨਾਂ ਦਾ ਧਰਨਾ 226 ਵੇਂ ਦਿਨ 'ਚ ਦਾਖ਼ਲ

**ਬੁਢਲਾਡਾ, 15 ਮਈ (ਰਤਨ ਸ਼ਰਮਾ) :** ਖੇਤੀ ਸਬੰਧੀ ਕਾਲੇ ਕਾਨੂੰਨਾਂ ਖਿਲਾਫ਼ ਕਿਸਾਨਾਂ ਵੱਲੋਂ ਲਗਾਇਆ ਮੋਰਚਾ ਅੱਜ 226 ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਉੱਧਰ ਦਿੱਲੀ ਮੋਰਚਿਆਂ ਲਈ ਕਿਸਾਨਾਂ ਦੇ ਜਥੇ ਵੀ ਨਿੱਤ ਵਾਂਗ ਰਵਾਨਾ ਹੋ ਰਹੇ ਹਨ। ਇਸ ਮੌਕੇ ਇਕੱਠ ਨੂੰ ਭਾਰਤੀ ਕਿਸਾਨ ਯੂਨੀਅਨ ( ਡਕੌਂਦਾ ) ਦੇ ਆਗੂ ਸਤਪਾਲ ਸਿੰਘ ਬਰੇ , ਤੇਜ ਰਾਮ ਅਹਿਮਦਪੁਰ , ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਦੇਵ ਸਿੰਘ ਗੁਰਨੇ ਕਲਾਂ , ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਜ਼ਿਲਾ ਆਗੂ ਕਾ. ਜਸਵੰਤ ਸਿੰਘ ਬੀਰੋਕੇ ਅਤੇ ਹਰਿੰਦਰ ਸਿੰਘ ਮੋਫੀ ਨੇ ਸੰਬੋਧਨ ਕੀਤਾ। ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦਾ ਮਨੋਰਥ ਕਿਸਾਨਾਂ ਦੀਆਂ ਜਮੀਨਾਂ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਹੈ ਜਿਸ ਨੂੰ ਦੇਸ਼ ਦੇ ਕਿਰਤੀ-ਕਿਸਾਨ ਸਫਲ ਨਹੀਂ ਹੋਣ ਦੇਣਗੇ। ਆਗੂਆਂ ਨੇ ਕਿਹਾ ਕਿ ਇਸ ਅੰਦੋਲਨ ਨੇ ਦੇਸ਼ ਅਤੇ ਦੁਨੀਆਂ ਵਿੱਚ ਸੁਨੇਹਾ ਦਿੱਤਾ ਹੈ ਕਿ ਜਿਹੜੇ ਦੇਸ਼ਾਂ ਦੀਆਂ ਸਰਕਾਰਾਂ ਦੀ ਵਫਾਦਾਰੀ ਕਾਰਪੋਰੇਟਾਂ ਅਤੇ ਬਹੁਕੌਮੀ ਕੰਪਨੀਆਂ ਨਾਲ ਹੈ , ਉਨ੍ਹਾਂ ਨੂੰ ਆਵਾਮ ਸੱਤਾ ਤੋਂ ਲਾਂਭੇ ਕਰ ਦੇਵੇਗਾ।

**ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ**

☛ ਦੇਸ਼ ਸੇਵਕ ਦੀ ਮੈਨੇਜਮੈਂਟ ਇਸ ਅਖ਼ਬਾਰ 'ਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

**ਐਸ.ਆਰ. ਇੰਡਸਰੀਜ਼ ਲਿਮੀਟੇਡ**

ਸੀਆਈਐਨ: L29246PB1989PLC009531 ਰਜਿ. ਦਫ਼ਤਰ : ਈ-217, ਇੰਡਸਟ੍ਰੀਅਲ ਏਰੀਆ, ਫੇਜ਼-8ਬੀ, ਮੋਹਾਲੀ, ਪੰਜਾਬ-160071
ਵੈਬਸਾਈਟ : www.srfootwears.com ਈ-ਮੇਲ : info@srfootwears.com ਫੋਨ : +91 172 4602888

**ਐਕਸਟਰਾ ਆਰਡੀਨਰੀ ਜਨਰਲ ਮੀਟਿੰਗ (ਈਜੀਐਮ) ਨੂੰ ਮੁਲਤਵੀ ਕਰਨ ਸਬੰਧੀ ਸ਼ੇਅਰ ਧਾਰਕਾਂ ਨੂੰ ਨੋਟਿਸ**

ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਕੰਪਨੀ ਦੀ ਐਕਸਟਰਾ ਆਰਡੀਨਰੀ ਜਨਰਲ ਮੀਟਿੰਗ (ਈਜੀਐਮ) ਦਿਨ ਸ਼ੁੱਕਰਵਾਰ ਮਿਤੀ: 14 ਮਈ 2021 ਨੂੰ ਦੁਪਹਿਰ 2:30 ਵਜੇ ਕੰਪਨੀ ਦੇ ਰਜਿਸਟਰਡ ਦਫਤਰ ਵਿਖੇ ਹੋਈ ਸੀ। ਕੰਪਨੀਜ਼ ਐਕਟ, 2013 ਦੇ ਸੈਕਸ਼ਨ 103 ਦੀਆਂ ਤਜ਼ਵੀਜਾਂ ਮੁਤਾਬਿਕ ਲੋੜੀਦੇ ਕੋਰਮ ਦੇ ਗੈਰਹਾਜ਼ਰ ਹੋਣ ਕਰਕੇ ਮੀਟਿੰਗ ਅਗਲੇ ਹਫਤੇ ਉਸੇ ਸਮੇਂ ਅਤੇ ਉਸੇ ਸਥਾਨ ਲਈ ਮੁਲਤਵੀ ਕੀਤੀ ਜਾਂਦੀ ਹੈ ਜੋ ਕਿ ਸ਼ੁੱਕਰਵਾਰ 21 ਮਈ 2021 ਦੁਪਹਿਰ 2:30 ਵਜੇ ਕੰਪਨੀ ਦੇ ਰਜਿਸਟਰਡ ਦਫ਼ਤਰ ਵਿਖੇ ਅਸਲ ਈਜੀਐਮ ਦੇ ਨੋਟਿਸ ਮਿਤੀ 20 ਅਪ੍ਰੈਲ 2021 ਵਿਖੇ ਦਰਸਾਏ ਕਾਰੋਬਾਰ ਦੇ ਜਾਂਚ ਲਈ ਕੀਤੀ ਜਾਵੇਗੀ।

ਬਾ-ਹੁਕਮ ਬੋਰਡ
ਲਈ ਐਸ.ਆਰ ਇੰਡਸਟਰੀਜ਼ ਲਿਮ.
ਸਹੀ/-
(ਅਮਿਤ ਮਹਾਜਨ)
ਸੀਐਫਓ (ਡੀਆਈਐਨ : 00038593)

ਸਥਾਨ: ਮੋਹਾਲੀ
ਮਿਤੀ: 14.05.2021